ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

(ਰਜਿ: ਦਫਤਰ: ਪੀ.ਐਸ.ਈ.ਬੀ. ਹੈਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ, ਇੰਡੀਆ)

ਕਾਰਪੋਰੇਟ ਸ਼ਨਾਖਤੀ ਨੰਬਰ : U40109PB2010SGC033814

(ਦਫ: ਉਪ ਮੁੱਖ ਇੰਜੀਨੀਅਰ/ਐਚ.ਆਰ. ਤੇ ਪ੍ਰਬੰਧਕੀ, ਸ਼ਕਤੀ ਸਦਨ, ਪਟਿਆਲਾ)

(ਟੈਲੀਫੂਨ ਨੰ: 0175-2225907 - ਫੈਕਸ ਨੰ: 0175-2220054)

ਵੱਲ

1) ਮੁੱਖ ਇੰਜ:/ਪੀ. ਅਤੇ ਐਮ., ਪੀ.ਐਸ.ਟੀ.ਸੀ.ਐਲ.,ਲੁਧਿਆਣਾ ।
2) ਮੁੱਖ ਇੰਜ:/ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ.,ਅਬਲੋਵਾਲ ।
3) ਮੁੱਖ ਇੰਜ:/ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ ।
4) ਸਮੂਹ ਉਪ ਮੁੱਖ ਇੰਜੀਨੀਅਰਜ਼/ਨਿਗਰਾਨ ਇੰਜੀਨੀਅਰਜ਼ ਪੀ.ਐਸ.ਟੀ.ਸੀ.ਐਲ.
5) ਸਮੂਹ ਵਧੀਕ ਨਿਗਰਾਨ ਇੰਜੀਨੀਅਰਜ਼/ਸੀਨ: ਕਾ:ਕਾ:ਇੰਜ: ਪੀ.ਐਸ.ਟੀ.ਸੀ.ਐਲ.

ਮੀਮੋ ਨੰ: /ਜਨ੍ਰਲ- ਮਿਤੀ :

**ਵਿਸ਼ਾ : ਮਾਨਯੋਗ ਪ੍ਰਧਾਨ ਮੰਤਰੀ ਜੀ ਵਲੋਂ ਸ਼ੁਰੂ ਕੀਤਾ ਸਵੱਛ ਭਾਰਤ ਅਭਿਆਨ ਲਾਗੂ ਕਰਨ ਸਬੰਧੀ ।**

ਭਾਰਤ ਸਰਕਾਰ ਵਲੋ ਫੈਸਲਾ ਕੀਤਾ ਗਿਆ ਹੈ ਕਿ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੀ 150ਵੀਂ ਜਨਮ ਵਰੇਗੰਢ ਜੋ ਕਿ 2019 ਵਿੱਚ ਹੈ, ਤੱਕ ਸਮੁੱਚੇ ਭਾਰਤ ਨੂੰ ਸਵੱਛ ਭਾਰਤ ਬਣਾਇਆ ਜਾਵੇ । ਇਸ ਲਈ ਪੰਜਾਬ ਸਰਕਾਰ ਵਲੋਂ ਦਿੱਤੇ ਗਏ ਨਿਰਦੇਸ਼ਾਂ ਮੁਤਾਬਿਕ ਸਵੱਛ ਭਾਰਤ ਅਭਿਆਨ ਨੂੰ ਪੀ.ਐਸ.ਟੀ.ਸੀ.ਐਲ. ਦੇ ਸਮੂਹ ਵਿਭਾਗਾਂ ਵਿੱਚ ਲਾਗੂ ਕਰਨ ਲਈ ਹੇਠ ਲਿਖੇ ਅਨੁਸਾਰ ਦਿਸ਼ਾ ਨਿਰਦੇਸ਼ ਬਣਾਏ ਗਏ ਹਨ :-

1) ਪੀ.ਐਸ.ਟੀ.ਸੀ.ਐਲ. ਦੇ ਸਮੂਹ ਦਫਤਰਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਸਵੱਛ ਭਾਰਤ ਅਭਿਆਨ ਬਾਰੇ ਜਾਗਰੂਕ ਕਰਵਾਇਆ ਜਾਵੇ । ਇਹ ਕੰਮ ਬੈਨਰਾਂ, ਮਾਸ ਐਸ.ਐਮ.ਐਸ. ਅਤੇ ਸੈਮੀਨਾਰਾਂ ਆਦਿ ਰਾਹੀਂ ਕੀਤਾ ਜਾਵੇਗਾ ਤਾਂ ਜੋ ਸਵੱਛ ਭਾਰਤ ਮੁੰਹਿਮ ਵਿੱਚ ਯੋਗਦਾਨ ਪਾਇਆ ਜਾ ਸਕੇ।

2) ਪੀ.ਐਸ.ਟੀ.ਸੀ.ਐਲ. ਦੇ ਸਮੂਹ ਦਫਤਰਾਂ/ਸਬ ਸਟੇਸ਼ਨਾਂ ਦੇ ਅੰਦਰ ਅਤੇ ਬਾਹਰ ਖੁੱਲੀ ਜਗ੍ਹਾ ਵਿੱਚ ਸਾਫ ਸਫਾਈ ਲਈ ਦਫਤਰ/ਸਬ ਸਟੇਸ਼ਨ ਦੇ ਇੰਨਚਾਰਜ ਵੱਲੋ ਨੋਡਲ ਅਫਸਰ ਬਣਾਇਆ ਜਾਵੇਗਾ ਜੋ ਇਹਨ੍ਹਾਂ ਸਥਾਨਾਂ ਦੀ ਸਫਾਈ ਯਕੀਨੀ ਬਣਾਵੇਗਾ ।ਸਰਕਲ ਲੇਵਲ ਉਪਰ ਇੱਕ ਮੋਨਟਿਰਿੰਗ ਕਮੇਟੀ ਬਣਾਈ ਜਾਵੇਗੀ ਜੋ ਸਮੇਂ ਸਮੇਂ ਤੇ ਦਫਤਰਾਂ/ਸਬ ਸ਼ਟੇਸਨਾਂ ਤੇ ਚੱਕਰ ਲਗਾ ਕੇ ਸਾਫ ਸਫਾਈ ਦੀ ਚੈਕਿੰਗ ਕਰੇਗੀ।ਮੋਨਟਿਰਿੰਗ ਕਮੇਟੀ ਇਹ ਯਕੀਨੀ ਬਣਾਏਗੀ ਕਿ ਪੀ.ਐਸ.ਟੀ.ਸੀ.ਐਲ ਕਲੋਨੀਆਂ/ਦਫਤਰਾਂ/ਸਬ ਸ਼ਟੇਸ਼ਨ੍ਹਾਂ ਵਿੱਚ ਸਫਾਈ ਦਾ ਉੱਚ ਪ੍ਰਬੰਧ ਹੋਵੇ।

3) ਪੀ.ਐਸ.ਟੀ.ਸੀ.ਐਲ. ਦੇ ਸਮੂਹ ਅਦਾਰਿਆਂ ਦੀ ਚਾਰਦਿਵਾਰੀ ਦੇ ਬਾਹਰ ਵੀ ਸਾਫ ਸਫਾਈ ਲਈ ਦਫਤਰ/ ਅਦਾਰੇ ਦੇ ਨੋਡਲ ਅਫਸਰ ਦੁਆਰਾ ਸਫਾਈ ਅਭਿਆਨ ਚਲਾਏ ਜਾਣਗੇ ।

4) ਪੀ.ਐਸ.ਟੀ.ਸੀ.ਐਲ. ਦੇ ਸਮੂਹ ਦਫਤਰਾਂ/ਅਦਾਰਿਆਂ ਦੁਆਰਾ ਸਵੱਛ ਭਾਰਤ ਅਭਿਆਨ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਐਚ.ਆਰ. ਵਿਭਾਗ ਪੀ.ਐਸ.ਟੀ.ਸੀ.ਐਲ. ਨੂੰ ਜਾਣੂ ਕਰਵਾਇਆ ਜਾਵੇਗਾ ਤਾਂ ਜੋ ਪੰਜਾਬ ਸਰਕਾਰ ਨੂੰ ਜਾਣੂ ਕਰਵਾਇਆ ਜਾ ਸਕੇ ਅਤੇ ਇਸ ਸਬੰਧ ਵਿੱਚ ਰਿਪੋਰਟ/ਫੋਟੋਗਰਾਫਸ ਪੀ.ਐਸ.ਟੀ.ਸੀ.ਐਲ. ਦੀ ਵੈਬਸਾਈਟ ਉਪਰ ਅਪਲੋਡ ਕੀਤੇ ਜਾ ਸਕਣ ।

5) ਪੀ.ਐਸ.ਟੀ.ਸੀ.ਐਲ. ਦੇ ਸਮੂਹ ਦਫਤਰਾਂ/ਅਦਾਰਿਆਂ ਵਿੱਚ ਔਰਤਾਂ/ਮਰਦਾਂ ਲਈ ਵੱਖੋ ਵੱਖਰੇ bathrooms/ toilets ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਇਹਨਾਂ ਦੇ ਰੱਖ-ਰੱਖਾਵ/ਸਾਫ ਸਫਾਈ ਕਰਵਾਉਣ ਦੀ ਜੁੰਮੇਵਾਰੀ ਸਬੰਧਤ ਦਫਤਰ/ਅਦਾਰੇ ਦੇ ਨੋਡਲ ਅਫਸਰ ਦੁਆਰਾ ਨਿਰਧਾਰਤ ਕੀਤੀ ਜਾਵੇਗੀ ।

6) ਉਚ ਅਧਿਕਾਰੀਆਂ ਦੁਆਰਾ ਉਹਨਾਂ ਅਧੀਨ ਦਫਤਰਾਂ/ਅਦਾਰਿਆਂ ਵਿੱਚ ਸਾਫ ਸਫਾਈ ਦੇ ਸਬੰਧ ਵਿੱਚ ਸਮੇਂ ਸਮੇਂ ਸਿਰ ਚੈਕਿੰਗ ਕੀਤੀ ਜਾਵੇਗੀ।

7) ਪੀ.ਐਸ.ਟੀ.ਸੀ.ਐਲ. ਦੇ ਸਮੂਹ ਦਫਤਰਾਂ/ਅਦਾਰਿਆਂ ਵਿੱਚ ਢੁਕਵੀਂ ਥਾਂਵਾ ਤੇ ਕੂੜੇਦਾਨਾਂ ਦਾ ਪ੍ਰਬੰਧ ਕੀਤਾ ਜਾਵੇਗਾ।ਕੂੜਾ-ਦਾਨਾਂ ਵਿੱਚੋਂ ਕੂੜਾ ਕੱਢ ਕੇ ਬਾਹਰ ਸੁੱਟਣ ਦੀ ਬਜਾਏ ਵੇਸਟੇਜ਼ ਡੰਪ (Wastage Dump) ਬਨਾਉਣ ਲਈ ਯੋਜਨਾਂ ਤਿਆਰ ਕਰਵਾਈ ਜਾਵੇਗੀ ।

(ਪੰਨਾਂ ਪਰਤੋ ਜੀ)

8) ਵੇਖਣ ਵਿੱਚ ਆਇਆ ਹੈ ਕਿ ਪੀ.ਐਸ.ਟੀ.ਸੀ.ਐਲ. ਦੇ ਦਫਤਰਾਂ ਦੇ ਵਿੱਚ ਕਮਰਿਆਂ ਅੰਦਰ ਸਫਾਈ ਦਾ ਢੁਕਵਾਂ ਪ੍ਰਬੰਧ ਨਹੀਂ ਹੁੰਦਾ। ਇਸ ਲਈ ਕਮਰਿਆਂ ਅੰਦਰ (ਦਰਵਾਜੇ/ਖਿੜਕੀਆਂ/ਪੱਖੇ/ ਟਿਊਬਾਂ/ ਸ਼ੀਸ਼ੇ/ਫਾਈਲਾਂ ਆਦਿ) ਦੀ ਸਫਾਈ ਦਾ ਢੁਕਵਾਂ ਇੰਤਜਾਮ ਕੀਤਾ ਜਾਵੇਗਾ ।

ਬੇਨਤੀ ਹੈ ਕਿ ਉਪਰੋਕਤ ਦਿਸ਼ਾ ਨਿਰਦੇਸ਼ਾਂ ਨੂੰ ਆਪ ਜੀ ਦੇ ਅਧੀਨ ਸਮੂਹ ਅਦਾਰਿਆਂ ਜਿਵੇਂ ਕਿ ਦਫਤਰਾਂ, ਸਬ ਸਟੇਸ਼ਨਾਂ, ਕਲੋਨੀਆਂ, ਗੈਸਟ ਹਾਊਸਾਂ/ਰੈਸਟ ਹਾਊਸਾਂ ਆਦਿ ਵਿੱਚ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ ਜੀ ਅਤੇ ਪੈਰਾ ਨੰ: 2 ਮੁਤਾਬਿਕ ਨੋਡਲ ਅਫਸਰ ਅਤੇ ਮੋਨੀਟਰਿੰਗ ਕਮੇਟੀਆਂ ਬਣਾ ਕੇ ਸਮੂਹ ਮੁੱਖ ਇੰਜੀਨੀਅਰਜ਼ ਅਧੀਨ ਪੀ.ਐਸ.ਟੀ.ਸੀ.ਐਲ. ਦੁਆਰਾ ਸੂਚਨਾਂ ਸੰਕਲਿਤ ਰੂਪ ਵਿੱਚ ਇਸ ਦਫਤਰ ਨੂੰ ਭੇਜੀ ਜਾਵੇ ਜੀ ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ।

**ਉਪ ਮੁੱਖ ਇੰਜੀਨੀਅਰ/ਐਚ.ਆਰ. ਤੇ ਪ੍ਰਬੰਧਕੀ,**
**ਪੀ.ਐਸ.ਟੀ.ਸੀ.ਐਲ.,ਪਟਿਆਲਾ।**

**ਪਿੱਠ ਅੰਕਣ ਨੰ:** **/ਜਨਰਲ** **ਮਿਤੀ :**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ :-

1) ਸੀਨ:ਪੀ.ਐਸ. ਟੂ ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ., ਪਟਿਆਲਾ ।
2) ਪੀ.ਐਸ. ਟੂ ਡਾਇਰੈਕਟਰ/ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ., ਪਟਿਆਲਾ
3) ਉਪ ਸਕੱਤਰ ਟੂ ਡਾਇਰੈਕਟਰ/ਤਕਨੀਕੀ, ਪੀ.ਐਸ.ਟੀ.ਸੀ.ਐਲ., ਪਟਿਆਲਾ ।
4) ਸੀਨ: ਪੀ.ਐਸ. ਟੂ ਡਾਇਰੈਕਟਰ/ਐਫ. ਤੇ ਸੀ., ਪੀ.ਐਸ.ਟੀ.ਸੀ.ਐਲ., ਪਟਿਆਲਾ ।
5) ਮੁੱਖ ਇੰਜੀਨੀਅਰ/ਐਚ.ਆਰ.,ਪਲੈਨਿੰਗ ਤੇ ਆਈ.ਟੀ., ਪੀ.ਐਸ.ਟੀ.ਸੀ.ਐਲ., ਪਟਿਆਲਾ।
6) ਸੀ.ਐਫ.ਓ., ਪੀ.ਐਸ.ਟੀ.ਸੀ.ਐਲ., ਪਟਿਆਲਾ ।
7) ਐਫ.ਏ., ਪੀ.ਐਸ.ਟੀ.ਸੀ.ਐਲ., ਪਟਿਆਲਾ ।
8) ਕੰਪਨੀ ਸੈਕਟਰੀ ਪੀ.ਐਸ.ਟੀ.ਸੀ.ਐਲ., ਪਟਿਆਲਾ ।

**ਉਪ ਮੁੱਖ ਇੰਜੀਨੀਅਰ/ਐਚ.ਆਰ. ਤੇ ਪ੍ਰਬੰਧਕੀ,**
**ਪੀ.ਐਸ.ਟੀ.ਸੀ.ਐਲ.,ਪਟਿਆਲਾ।**

**ਪਿੱਠ ਅੰਕਣ ਨੰ:** **/ਜਨਰਲ** **ਮਿਤੀ :**

ਉਪਰੋਕਤ ਦਾ ਉਤਾਰਾ ਸੁਪਰਡੈਂਟ/ਪੰਜਾਬ ਸਰਕਾਰ, ਬਿਜਲੀ ਵਿਭਾਗ (ਊਰਜਾ ਸ਼ਾਖਾ), ਮਿੰਨੀ ਸਕੱਤਰੇਤ, ਸੈਕਟਰ-9, ਚੰਡੀਗੜ ਨੂੰ ਉਹਨਾਂ ਦੇ ਪੱਤਰ ਨੰ: 11/255/2010-ਓਸ4(ਪੀ.ਐਫ.2)/319775/2 ਮਿਤੀ ਚੰਡੀਗੜ 30.09.2014 ਦੇ ਹਵਾਲੇ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ ।

**ਉਪ ਮੁੱਖ ਇੰਜੀਨੀਅਰ/ਐਚ.ਆਰ. ਤੇ ਪ੍ਰਬੰਧਕੀ,**
**ਪੀ.ਐਸ.ਟੀ.ਸੀ.ਐਲ.,ਪਟਿਆਲਾ**

18295
3/12/14

**ਸੀ.ਸੀ. :** ਨਿਗਰਾਨ ਇੰਜੀਨੀਅਰ/ਆਈ.ਟੀ., ਪੀ.ਐਸ.ਟੀ.ਸੀ.ਐਲ., ਪਟਿਆਲਾ ਨੂੰ ਉਕਤ ਪੱਤਰ ਪੀ.ਐਸ.ਟੀ.ਸੀ.ਐਲ. ਦੀ ਵੈਬ-ਸਾਈਟ ਉਪਰ ਅਪ-ਲੋਡ ਕਰਨ ਹਿੱਤ ।